a2zpapers.com

**Exam. Code : 106001**
**Subject Code : 1604**

**BOD Semester—I**

**PUNJABI COMPULSORY**

**Paper—VIII(i)**

Time Allowed—3 Hours] [Maximum Marks—50

ਨੋਟ :- ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

1. **'ਭਰੂਣ ਹੱਤਿਆ ਦੇ ਦੇਸ਼ ਵਿੱਚ'** ਲੇਖ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

**'ਵਾਤਾਵਰਣੀ ਪ੍ਰਦੂਸ਼ਣ'** ਨਿਬੰਧ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ। 10

2. **'ਅੰਨ ਦਾਤਾ'** ਕਵਿਤਾ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ।

**ਜਾਂ**

**'ਲੂਣਾ'** ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। 10

3. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਉੱਤੇ ਪੈਰ੍ਹਾ ਰਚਨਾ ਲਿਖੋ :

(ੳ) ਮੀਡੀਆ ਦੇ ਲਾਭ ਅਤੇ ਹਾਨੀਆਂ

(ਅ) ਮਨ ਜੀਤੈ ਜਗ ਜੀਤ

(ੲ) ਵੱਧ ਰਿਹਾ ਭ੍ਰਿਸ਼ਟਾਚਾਰ। 5

4. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਤਿਉਹਾਰ ਕਿਸੇ ਕੌਮ ਦੀ ਜਿੰਦ ਜਾਨ ਅਤੇ ਉਹਨਾਂ ਦੀ ਜੀਵਨ ਦੀ ਖੁਸ਼ੀ ਦੇ ਸੂਚਕ ਹੁੰਦੇ ਹਨ। ਦੇਸ਼ ਦੇ ਸਭਿਆਚਾਰ ਅਤੇ ਲੋਕ ਜੀਵਨ ਨੂੰ ਪ੍ਰਗਟਾਉਣ ਦਾ ਇਹ ਸ਼ਕਤੀਸ਼ਾਲੀ **ਮਾਧਿਅਮ**



www.a2zpapers.com

a2zpapers.com

a2zpapers.com

ਹਨ। ਕੁਝ ਤਿਉਹਾਰ ਰੁੱਤਾਂ ਨਾਲ ਸੰਬੰਧਤ ਹੁੰਦੇ ਹਨ ਅਤੇ ਕੁਝ **ਰੀਤੀ-ਰਿਵਾਜਾਂ** ਨਾਲ। ਕਿਸੇ ਕੌਮ ਦੀ ਜਾਣਕਾਰੀ ਇਹਨਾਂ ਤਿਉਹਾਰਾਂ ਵਿੱਚੋਂ ਹੀ ਮਿਲ ਸਕਦੀ ਹੈ। ਤਿਉਹਾਰਾਂ ਰਾਹੀਂ ਆਪਸੀ ਦੁੱਖ-ਸੁੱਖ ਸਾਂਝੇ ਕੀਤੇ ਜਾਂਦੇ ਹਨ ਅਤੇ ਵੱਡੇ-ਵੱਡੇਰਿਆਂ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ ਜਾਦਾ ਹੈ।

**ਪ੍ਰਸ਼ਨ :**

(i) ਤਿਉਹਾਰ ਕਿਸ ਚੀਜ਼ ਦੇ ਸੂਚਕ ਹਨ ?

(ii) ਤਿਉਹਾਰਾਂ ਦੁਆਰਾ ਅਸੀਂ ਕਿਸ ਚੀਜ਼ ਦਾ ਪ੍ਰਗਟਾਅ ਕਰਦੇ ਹਾਂ ?

(iii) ਤਿਉਹਾਰ ਕਿੰਨੀ ਤਰ੍ਹਾਂ ਦੇ ਹੁੰਦੇ ਹਨ ?

(iv) ਮੋਟੇ ਸ਼ਬਦਾਂ ਦੇ ਅਰਥ ਲਿਖੋ।

(v) ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ। 5

5. ਪੰਜਾਬੀ ਦੀਆਂ ਸਵਰ ਧੁਨੀਆਂ 'ਤੇ ਨੋਟ ਲਿਖੋ।

**ਜਾਂ**

ਭਾਸ਼ਾ ਦੀ ਪਰਿਭਾਸ਼ਾ ਦਿੰਦਿਆਂ ਹੋਇਆਂ ਪੰਜਾਬੀ ਉਪ-ਭਾਸ਼ਾਵਾਂ ਦੇ ਪਛਾਣ ਚਿੰਨ੍ਹਾਂ 'ਤੇ ਨੋਟ ਲਿਖੋ। 10

6. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦੇ ਉੱਤਰ ਦਿਉ :

(ੳ) ਮਾਤ ਭਾਸ਼ਾ ਦੀ ਮਹੱਤਤਾ ਬਾਰੇ ਜਾਣਕਾਰੀ ਦਿਉ।

(ਅ) ਵਿਦਿਆਰਥੀਆਂ ਦੇ ਵਿਕਾਸ ਵਿੱਚ ਮਾਤ ਭਾਸ਼ਾ ਦੇ ਮਹੱਤਵ ਨੂੰ ਸਪੱਸ਼ਟ ਕਰੋ।

(ੲ) ਪਹਿਲੀ ਭਾਸ਼ਾ ਦੇ ਤੌਰ 'ਤੇ ਮਾਤ ਭਾਸ਼ਾ ਦੀ ਕੀ ਭੂਮਿਕਾ ਹੈ ?

(ਸ) ਮਾਤ ਭਾਸ਼ਾ ਦੇ ਦੂਜੀ ਭਾਸ਼ਾ ਵਜੋਂ ਅਧਿਆਪਨ ਸੰਬੰਧੀ ਸਮੱਸਿਆਵਾਂ 'ਤੇ ਚਰਚਾ ਕਰੋ। 5×2=10



www.a2zpapers.com
a2zpapers.com